

## ਕੋਲਨੋਸਕੋਪੀ ਕਿਸ ਨੂੰ ਕਰਵਾਉਣੀ ਚਾਹੀਦੀ ਹੈ?

ਕੋਲਨੋਸਕੋਪੀ ਦੀ ਸਿਫਾਰਸ਼ 50-74 ਸਾਲ ਦੇ ਕਿਸੇ ਵੀ ਉਸ ਵਿਅਕਤੀ ਲਈ ਕੀਤੀ ਜਾਂਦੀ ਹੈ ਜਿਸ ਵਿਚ ਇਨ੍ਹਾਂ ਵਿੱਚੋਂ ਘੱਟੋ ਘੱਟ ਕੋਈ ਇਕ ਹੈ:

- ਅਬਨੌਰਮਲ ਫੀਸਲ ਇਮਿਊਨੋਕੈਮੀਕਲ ਟੈੱਸਟ (ਐੱਫ ਆਈ ਟੀ) ਨਤੀਜਾ; ਜਾਂ,
- ਪਹਿਲੀ ਕਤਾਰ ਦੇ ਰਿਸ਼ਤੇਦਾਰ (ਮਾਂ, ਪਿਤਾ, ਭੈਣ, ਭਰਾ, ਧੀ ਜਾਂ ਪੁੱਤਰ) ਵਿਚ 60 ਸਾਲ ਦੀ ਉਮਰ ਤੋਂ ਥੱਲੇ ਕੋਲਨ ਕੈਂਸਰ ਦੀ ਪਛਾਣ ਹੋਈ ਸੀ; ਜਾਂ,
- ਦੋ ਜਾਂ ਜ਼ਿਆਦਾ ਪਹਿਲੀ ਕਤਾਰ ਦੇ ਰਿਸ਼ਤੇਦਾਰਾਂ ਵਿਚ ਕੋਲਨ ਕੈਂਸਰ ਦੀ ਕਿਸੇ ਵੀ ਉਮਰ 'ਤੇ ਪਛਾਣ ਹੋਈ ਸੀ; ਜਾਂ
- ਅਡੇਨੋਮਾਸ ਦੀ ਨਿੱਜੀ ਹਿਸਟਰੀ। ਅਡੇਨੋਮਾਸ ਕੈਂਸਰ ਤੋਂ ਪਹਿਲਾਂ ਦੇ ਪੌਲੀਅਪ ਹਨ।

## ਕੀ ਕੋਲਨੋਸਕੋਪੀ ਦੇ ਕੋਈ ਖਤਰੇ ਵੀ ਹਨ?

ਜਿਵੇਂ ਕਿ ਕਿਸੇ ਵੀ ਮੈਡੀਕਲ ਤਰੀਕੇ ਨਾਲ ਹੋ ਸਕਦਾ ਹੈ, ਕੋਲਨੋਸਕੋਪੀ ਨਾਲ ਸਮੱਸਿਆਵਾਂ ਪੈਦਾ ਹੋਣ ਦਾ ਛੋਟਾ ਜਿਹਾ ਖਤਰਾ ਹੈ।

ਤਕਰੀਬਨ 1000 ਵਿੱਚੋਂ 5 ਲੋਕਾਂ ਨੂੰ ਗੰਭੀਰ ਸਮੱਸਿਆਵਾਂ ਆਉਣਗੀਆਂ। ਸਮੱਸਿਆਵਾਂ ਵਿਚ ਆਂਦਰ ਨੂੰ ਤਿਆਰ ਕਰਨ ਜਾਂ ਸ਼ਾਂਤ ਕਰਨ ਲਈ ਵਰਤੀ ਗਈ ਦਵਾਈ ਪ੍ਰਤੀ ਰੀਐਕਸ਼ਨ ਹੋਣਾ, ਦਿਲ ਜਾਂ ਫੇਫੜੇ ਦੀਆਂ ਸਮੱਸਿਆਵਾਂ, ਇਨਫੈਕਸ਼ਨ ਹੋਣਾ, ਕੋਲਨ ਵਿੱਚੋਂ ਖ਼ੂਨ ਵਗਣਾ ਅਤੇ/ਜਾਂ ਕੋਲਨ ਵਿਚ ਸੁਰਾਖ ਹੋਣਾ ਸ਼ਾਮਲ ਹੋ ਸਕਦੀਆਂ ਹਨ।

ਜੇ ਕੋਈ ਸਮੱਸਿਆ ਪੈਦਾ ਹੋਵੇ ਤਾਂ ਇਲਾਜ ਕਰਨ ਦੀ ਲੋੜ ਪੈ ਸਕਦੀ ਹੈ ਜਿਸ ਵਿਚ ਐਂਟੀਬੋਆਇਟਿਕਸ ਦੇਣਾ, ਖ਼ੂਨ ਚਾੜ੍ਹਨਾ, ਹਸਪਤਾਲ ਭਰਤੀ ਕਰਨਾ, ਦੁਬਾਰਾ ਕੋਲਨੋਸਕੋਪੀ ਕਰਨਾ ਜਾਂ ਸਰਜਰੀ ਸ਼ਾਮਲ ਹਨ। ਕੋਲਨੋਸਕੋਪੀ ਨਾਲ ਮੌਤ ਹੋਣ ਦਾ ਖਤਰਾ 14,000 ਪਿੱਛੇ 1 ਨਾਲੋਂ ਘੱਟ ਹੈ। ਕੋਈ ਖਾਸ ਅਸਾਧਾਰਣ ਚੀਜ਼ ਖੁੰਝ ਜਾਣ ਦਾ ਵੀ ਖਤਰਾ ਹੈ। ਅਜਿਹਾ 10 ਕੇਸਾਂ ਪਿੱਛੇ 1 ਕੇਸ ਨਾਲੋਂ ਘੱਟ ਹੁੰਦਾ ਹੈ।

ਕੁਝ ਕੈਂਸਰਾਂ ਕਦੇ ਵੀ ਕੋਈ ਨਿਸ਼ਾਨੀਆਂ ਨਹੀਂ ਪੈਦਾ ਕਰ ਸਕਦੀਆਂ ਹਨ ਜਾਂ ਉਮਰ ਜਾਂ ਜ਼ਿੰਦਗੀ ਦੀ ਕੁਆਲਟੀ 'ਤੇ ਅਸਰ ਨਹੀਂ ਪਾ ਸਕਦੀਆਂ ਹਨ। ਪਰ, ਖੋਜ ਇਹ ਦਿਖਾਉਂਦੀ ਹੈ ਕਿ ਬਹੁਤੀਆਂ ਕੋਲਨ ਕੈਂਸਰਾਂ ਨੁਕਸਾਨਦੇਹ ਹਨ ਅਤੇ ਕੋਲਨ ਕੈਂਸਰ ਦਾ ਜਿੰਨਾ ਵੀ ਛੇਤੀ ਹੋ ਸਕੇ ਪਤਾ ਲਾਇਆ ਜਾਣਾ ਚਾਹੀਦਾ ਹੈ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ।

## ਸਾਡੇ ਨਾਲ ਸੰਪਰਕ ਕਰੋ


BC Cancer Colon Screening
801-686 West Broadway
Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/colon



ਤੁਹਾਡੀ ਨਿੱਜੀ ਜਾਣਕਾਰੀ, ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ ਅਤੇ ਜਿੱਥੇ ਲਾਗੂ ਹੁੰਦਾ ਹੋਵੇ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਦੀ ਜ਼ਾਮਨੀ ਲਈ ਕੀਤੀ ਜਾਵੇਗੀ ਅਤੇ ਇਹ ਇਲਾਜ ਵਿਚ ਸ਼ਾਮਲ ਡਾਕਟਰਾਂ ਨੂੰ ਦੱਸੀ ਜਾਵੇਗੀ ਜਾਂ ਉਦੋਂ ਦੱਸੀ ਜਾਵੇਗੀ ਜਦੋਂ ਕਾਨੂੰਨ ਮੰਗ ਕਰਦਾ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਸੰਬੰਧੀ ਜੇ ਕੋਈ ਵੀ ਸਵਾਲ ਹੋਣ ਤਾਂ ਇਹ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)


ਇਹ ਬਰੋਸ਼ਰ ਹੋਰ ਜ਼ਬਾਨਾਂ ਵਿਚ ਵੀ ਉਪਲਬਧ ਹੈ। ਅਨੁਵਾਦ ਕੀਤੇ ਹੋਏ ਰੂਪ ਦੇਖਣ ਲਈ www.screeningbc.ca 'ਤੇ ਜਾਉ।


Version: August 2018


BC CANCER
COLON SCREENING
Provincial Health Services Authority



# ਕੋਲਨੋਸਕੋਪੀ

## ਕੋਲਨੋਸਕੋਪੀ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

screeningbc.ca/colon



## ਕੋਲਨੋਸਕੋਪੀ ਕੀ ਹੈ?

ਕੋਲੋਨੋਸਕੋਪੀ ਇਕ ਤਰੀਕਾ ਹੈ ਜਿਹੜਾ ਕਿਸੇ ਕੋਲਨੋਸਕੋਪਿਸਟ ਨੂੰ ਕੋਲੋਨੋਸਕੋਪ ਨਾਂ ਦੇ ਇਕ ਖਾਸ ਯੰਤਰ ਨਾਲ ਗੁਦਾ (ਰੈਕਟਮ) ਅਤੇ ਕੋਲਨ (ਵੱਡੀ ਆਂਦਰ) ਦੀ ਅੰਦਰਲੀ ਤਹਿ ਨੂੰ ਦੇਖਣ ਦਿੰਦਾ ਹੈ।

ਕੋਲੋਨੋਸਕੋਪ ਇਕ ਲਚਕਦਾਰ ਟਿਊਬ ਹੈ ਜਿਸ ਦੇ ਇਕ ਸਿਰੇ 'ਤੇ ਨਿੱਕਾ ਕੈਮਰਾ ਲੱਗਾ ਹੁੰਦਾ ਹੈ ਤਾਂ ਜੋ ਕੋਲਨੋਸਕੋਪਿਸਟ ਤੁਹਾਡੀ ਕੋਲਨ (ਵੱਡੀ ਆਂਦਰ) ਦੀਆਂ ਤਸਵੀਰਾਂ ਅਤੇ ਵੀਡੀਓ ਲੈ ਸਕੇ। ਕੋਲਨੋਸਕੋਪੀ ਦੌਰਾਨ, ਟਿਸ਼ੂ ਦੇ ਨਮੂਨੇ ਲਏ ਜਾ ਸਕਦੇ ਹਨ ਅਤੇ ਪੌਲੀਅਪਸ ਨੂੰ ਕੱਢਿਆ ਜਾ ਸਕਦਾ ਹੈ।

ਇਹ ਪ੍ਰੋਸੀਜ਼ਰ ਕਿਸੇ ਕੋਲਨੋਸਕੋਪਿਸਟ (ਇਕ ਡਾਕਟਰ ਜੋ ਕੋਲਨੋਸਕੋਪੀ ਕਰਨ ਲਈ ਟਰੇਂਡ ਹੁੰਦਾ ਹੈ) ਵਲੋਂ ਕੀਤਾ ਜਾਂਦਾ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਆਮ ਤੌਰ 'ਤੇ 20 ਤੋਂ 45 ਮਿੰਟ ਲੱਗਦੇ ਹਨ।

ਪ੍ਰੋਸੀਜ਼ਰ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਤੁਹਾਡੇ 'ਤੇ ਨੇੜਿਉਂ ਨਿਗਰਾਨੀ ਰੱਖੀ ਜਾਵੇਗੀ।

## ਕੋਲਨੋਸਕੋਪੀ ਤੋਂ ਪਹਿਲਾਂ

- ਹਸਪਤਾਲ ਵਿਚ ਦੋ ਤੋਂ ਤਿੰਨ ਘੰਟੇ ਰਹਿਣ ਦੀ ਉਮੀਦ ਰੱਖੋ।
- ਤੁਹਾਨੂੰ ਗਾਊਨ ਪਾਉਣ ਲਈ ਕਿਹਾ ਜਾਵੇਗਾ।
- ਇਕ ਨਰਸ ਤੁਹਾਡੀ ਹਿਸਟਰੀ ਲਿਖੇਗੀ ਅਤੇ ਤੁਹਾਡੀਆਂ ਜ਼ਰੂਰੀ ਨਿਸ਼ਾਨੀਆਂ ਚੈੱਕ ਕਰੇਗੀ।
- ਤੁਹਾਨੂੰ ਆਪਣੀਆਂ ਦਵਾਈਆਂ ਦੀ ਲਿਸਟ ਦੇਣ ਲਈ ਕਿਹਾ ਜਾਵੇਗਾ।
- ਤੁਹਾਨੂੰ ਸ਼ਾਂਤ ਕਰਨ ਵਾਲੀ ਅਤੇ ਦਰਦ ਦੀ ਦਵਾਈ ਦੇਣ ਲਈ ਨਰਸ ਇੰਟਰਾਵੀਨਸ (ਆਈ ਵੀ) ਸ਼ੁਰੂ ਕਰੇਗੀ।

## ਕੋਲਨੋਸਕੋਪੀ ਦੌਰਾਨ ਕੀ ਹੁੰਦਾ ਹੈ?

- ਕੋਲਨੋਸਕੋਪਿਸਟ ਗੁਦਾ ਵਿਚ ਕੋਲਨੋਸਕੋਪ ਪਾਉਂਦਾ ਹੈ ਅਤੇ ਇਸ ਨੂੰ ਕੋਲਨ (ਵੱਡੀ ਆਂਦਰ) ਦੀ ਲੰਬਾਈ ਤੱਕ ਅਗਾਂਹ ਲਿਜਾਂਦਾ ਹੈ।
- ਕੋਲਨ ਨੂੰ ਬਿਹਤਰ ਦੇਖਣ ਲਈ ਚੌੜਾ ਕਰਨ ਲਈ ਕੋਲੋਨੋਸਕੋਪ ਰਾਹੀਂ ਹਵਾ ਭੇਜੀ ਜਾਂਦੀ ਹੈ। ਸਾਰੇ ਪ੍ਰੋਸੀਜ਼ਰ ਦੌਰਾਨ ਥੋੜ੍ਹਾ ਜਿਹਾ ਪਰੈਸ਼ਰ ਮਹਿਸੂਸ ਹੋਣਾ ਜਾਂ ਢਿੱਡ-ਪੀੜ ਹੋਣਾ ਆਮ ਗੱਲ ਹੈ।
- ਗੁਦਾ ਅਤੇ ਕੋਲਨ (ਵੱਡੀ ਆਂਦਰ) ਦੀ ਅੰਦਰਲੀ ਤਹਿ ਦੇ ਚਿੱਤਰ ਇਕ ਵੀਡੀਉ ਮੌਨੀਟਰ ਨੂੰ ਭੇਜੇ ਜਾਂਦੇ ਹਨ ਜਿੱਥੇ ਕੋਲਨੋਸਕੋਪਿਸਟ ਕੋਈ ਵੀ ਅਸਾਧਾਰਣ ਚੀਜ਼ ਦੇਖੇਗਾ ਜਿਵੇਂ ਕਿ ਪੌਲੀਅਪ। ਪੌਲੀਅਪ, ਅੰਤੜੀ ਦੀ ਉਤਲੀ ਪਰਤ ਉੱਪਰ ਟਿਸ਼ੂ ਦਾ ਇਕ ਛੋਟਾ ਵਾਧਾ ਹੈ।
- ਪੌਲੀਅਪਸ ਬਹੁਤ ਹੌਲੀ ਹੌਲੀ ਵਧ ਸਕਦੇ ਹਨ ਅਤੇ ਕੁਝ ਕੈਂਸਰ ਵਾਲੇ ਬਣ ਸਕਦੇ ਹਨ। ਨਮੂਨਾ (ਬਾਇਓਪਸੀ) ਲੈਣਾ ਜਾਂ ਪੌਲੀਅਪ ਨੂੰ ਕੱਢਣਾ (ਪੌਲੀਪੈਕਟਮੀ) ਵੀ ਜ਼ਰੂਰੀ ਹੋ ਸਕਦਾ ਹੈ। ਇਸ ਨਾਲ ਦਰਦ ਨਹੀਂ ਹੁੰਦੀ।
- ਬਾਇਓਪਸੀ ਜਾਂ ਪੌਲੀਅਪ ਨੂੰ ਫਿਰ ਵਿਸ਼ਲੇਸ਼ਣ ਲਈ ਲੈਬ ਨੂੰ ਭੇਜਿਆ ਜਾਂਦਾ ਹੈ।

## ਕੋਲਨੋਸਕੋਪੀ ਤੋਂ ਬਾਅਦ ਕੀ ਹੁੰਦਾ ਹੈ?

- ਕਿਸੇ ਬਾਲਗ ਨਾਲ ਆਪਣੇ ਘਰ ਨੂੰ ਜਾਉ। ਤੁਸੀਂ ਅਗਲੇ ਦਿਨ ਤੱਕ ਗੱਡੀ ਨਹੀਂ ਚਲਾ ਸਕਦੇ।
- ਟੈੱਸਟ ਤੋਂ ਬਾਅਦ ਘਰ ਪਹੁੰਚਣ ਵੇਲੇ ਤੁਹਾਨੂੰ ਨੀਂਦ ਆ ਸਕਦੀ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਅਗਲੇ ਦਿਨ ਤੱਕ ਕੋਈ ਮਸ਼ੀਨਰੀ ਨਾ ਚਲਾਉ, ਕਾਨੂੰਨੀ ਪੇਪਰਾਂ 'ਤੇ ਦਸਖਤ ਨਾ ਕਰੋ ਜਾਂ ਸ਼ਰਾਬ ਨਾ ਪੀਉ।
- ਜੇ ਤੁਹਾਡੇ ਇਲਾਕੇ ਵਿਚਲੀ ਹੈਲਥ ਕੇਅਰ ਟੀਮ ਨੇ ਕਿਸੇ ਹੋਰ ਤਰ੍ਹਾਂ ਕਰਨ ਲਈ ਨਹੀਂ ਕਿਹਾ ਤਾਂ ਤੁਸੀਂ ਆਪਣੀ ਕੋਲਨੋਸਕੋਪੀ ਤੋਂ ਬਾਅਦ ਆਪਣੀ ਆਮ ਖੁਰਾਕ ਅਤੇ ਦਵਾਈਆਂ ਲੈਣਾ ਸ਼ੁਰੂ ਕਰਨ ਦੇ ਯੋਗ ਹੋਵੋਗੇ।
- ਤੁਹਾਡੀ ਕੋਲਨ ਅੰਦਰਲੀ ਹਵਾ ਨਾਲ ਤੁਸੀਂ ਅਫਾਰਾ ਪਿਆ ਮਹਿਸੂਸ ਕਰ ਸਕਦੇ ਹੋ ਅਤੇ/ਜਾਂ ਟੈੱਸਟ ਤੋਂ ਬਾਅਦ ਤੁਹਾਡੇ ਢਿੱਡ ਵਿਚ ਪੀੜ ਹੋ ਸਕਦੀ ਹੈ। ਜਿੰਨਾ ਛੇਤੀ ਵੀ ਸੰਭਵ ਹੋਵੇ, ਆਰਾਮਦੇਹ ਹੋਣਾ ਅਤੇ ਹਵਾ ਕੱਢਣਾ ਜ਼ਰੂਰੀ ਹੈ। ਜੇ ਇਹ ਬੇਆਰਾਮੀ ਵਧ ਜਾਵੇ ਜਾਂ ਨਾ ਹਟੇ ਤਾਂ ਹਸਪਤਾਲ ਦੀ ਐਮਰਜੰਸੀ ਵਿਚ ਜਾਉ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਹਾਡੀ ਕੋਲਨੋਸਕੋਪੀ ਹੋਈ ਹੈ।

## ਆਪਣੇ ਕੋਲਨੋਸਕੋਪੀ ਦੇ ਨਤੀਜਿਆਂ ਬਾਰੇ ਮੈਨੂੰ ਕੀ ਜਾਣਨ ਦੀ ਲੋੜ ਹੈ?

ਹਸਪਤਾਲ ਤੋਂ ਜਾਣ ਤੋਂ ਪਹਿਲਾਂ ਤੁਹਾਨੂੰ ਮੁਢਲੇ ਨਤੀਜੇ ਦੱਸੇ ਜਾਣਗੇ। ਫਿਰ, ਤੁਹਾਡੇ ਟੈੱਸਟ ਤੋਂ ਤਕਰੀਬਨ ਦੋ ਕੁ ਹਫਤਿਆਂ ਬਾਅਦ, ਤੁਹਾਡੇ ਇਲਾਕੇ ਵਿਚਲੀ ਹੈਲਥ ਕੇਅਰ ਟੀਮ ਫੋਨ 'ਤੇ ਤੁਹਾਨੂੰ ਤੁਹਾਡੇ ਪੂਰੇ ਨਤੀਜੇ ਦੱਸੇਗੀ ਅਤੇ ਤੁਹਾਡੇ ਸਵਾਲਾਂ ਦਾ ਜਵਾਬ ਦੇਵੇਗੀ। ਤੁਹਾਡੇ ਡਾਕਟਰ ਨੂੰ ਵੀ ਤੁਹਾਡੇ ਨਤੀਜੇ ਮਿਲਣਗੇ।

ਜੇ ਤੁਹਾਡੀ ਕੋਲਨੋਸਕੋਪੀ ਠੀਕ ਹੋਈ ਤਾਂ ਤੁਹਾਡੀ ਪਰਿਵਾਰਕ ਹਿਸਟਰੀ ਇਹ ਫੈਸਲਾ ਕਰੇਗੀ ਕਿ ਤੁਹਾਡਾ ਦੁਬਾਰਾ ਟੈੱਸਟ ਕਦੋਂ ਹੋਵੇਗਾ। ਤੁਹਾਡੀ ਕਮਿਉਨਟੀ ਵਿਚਲੀ ਹੈਲਥ ਕੇਅਰ ਟੀਮ ਤੁਹਾਨੂੰ ਤੁਹਾਡੇ ਅਗਲੇ ਟੈੱਸਟ ਦੀ ਤਰੀਕ ਬਾਰੇ ਦੱਸੇਗੀ।

ਜੇ ਤੁਹਾਡੀ ਕੋਲਨੋਸਕੋਪੀ ਅਸਾਧਾਰਣ ਹੋਈ ਤਾਂ ਹੋਰ ਟੈੱਸਟ ਕਰਨ ਜਾਂ ਜ਼ਿਆਦਾ ਨੇਮ ਨਾਲ ਨਿਗਰਾਨੀ ਕਰਨ ਦੀ ਲੋੜ ਹੋ ਸਕਦੀ ਹੈ। ਤੁਹਾਡੀ ਕਮਿਉਨਟੀ ਵਿਚਲੀ ਹੈਲਥ ਕੇਅਰ ਟੀਮ ਜਾਂ ਤੁਹਾਡਾ ਡਾਕਟਰ ਹੋਰ ਅਪੌਇੰਟਮੈਂਟਾਂ ਅਤੇ ਅਗਲੇ ਕਦਮਾਂ ਬਾਰੇ ਤੁਹਾਨੂੰ ਦੱਸਣਗੇ।